# ਸ਼ੇਰੇ ਪੰਜਾਬ ਸਪੋਰਟਸ ਕਲੱਬ ਵਲੋਂ ਸਪਾਂਸਰਾਂ ਦਾ ਮਾਣ-ਸਨਮਾਨ







**ਸ਼ਿਕਾਗੋ (ਬਿਊਰੋ):** ਸਥਾਨਕ ਖੇਡ ਸੰਸਥਾ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਵਲੋਂ ਆਪਣੇ ਸਾਲਾਨਾ ਖੇਡ ਮੇਲੇ ਦੇ ਸਪਾਂਸਰਾਂ ਦਾ ਮਾਣ-ਸਨਮਾਨ ਅਤੇ ਧੰਨਵਾਦ ਕਰਨ ਲਈ ਇਥੇ ਕੈਸਕੇਡ ਬੈਂਕੁਇਟ ਹਾਲ, ਬੈਨਸਨਵਿਲ ਵਿਚ ਇਕ 'ਮਾਣ-ਸਨਮਾਨ' ਸਮਾਗਮ ਲੰਘੀ 17 ਦਸੰਬਰ ਨੂੰ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕਲੱਬ ਵਲੋਂ ਹਰ ਸਾਲ ਲੇਬਰ ਡੇ ਵੀਕਐਂਡ 'ਤੇ ਕਬੱਡੀ ਤੇ ਸਭਿਆਚਾਰਕ ਮੇਲਾ ਕਰਵਾਇਆ ਜਾਂਦਾ ਹੈ ਜਿਸ ਵਿਚ ਨਾ ਸਿਰਫ ਦੇਸ਼-ਵਿਦੇਸ਼ ਤੋਂ ਕਬੱਡੀ ਖਿਡਾਰੀ ਹੀ ਆਪਣੀ ਖੇਡ ਦੇ ਜੌਹਰ ਵਿਖਾਉਂਦੇ ਹਨ ਸਗੋਂ ਗਾਇਕ ਵੀ ਅਖਾੜਾ ਲਾਉਂਦੇ ਹਨ। ਅਮਰਦੇਵ ਸਿੰਘ ਬੰਦੇਸ਼ਾ ਅਤੇ ਪਰਮਿੰਦਰ ਸਿੰਘ ਵਾਲੀਆ ਨੇ ਇਸ ਪਾਰਟੀ ਦਾ ਪ੍ਰਬੰਧ ਕੀਤਾ।




ਪਾਰਟੀ ਦੇ ਅਰੰਭ ਵਿਚ ਕਲੱਬ ਦੇ ਪ੍ਰਧਾਨ ਗੁਰਦੇਵ ਸਿੰਘ ਗਿੱਲ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਖਰਾਬ ਮੌਸਮ ਦੇ ਬਾਵਜੂਦ ਇਸ ਇਕੱਠ 'ਚ ਪਹੁੰਚਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਜੈਸੀ ਸਿੰਘ ਨੇ ਗੀਤ 'ਜਿੰਨੇ ਦੀ ਤੇਰੀ ਜੀਨ ਆਉਂਦੀ' ਪੇਸ਼ ਕਰਕੇ ਕੀਤੀ। ਅਮਰਦੇਵ ਸਿੰਘ ਬੰਦੇਸ਼ਾ ਅਤੇ ਕਲੱਬ ਦੇ ਮੀਤ ਪ੍ਰਧਾਨ ਬਲਵਿੰਦਰ ਸਿੰਘ ਚੱਠਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਏਸ਼ੀਅਨ ਮੀਡੀਆ ਯੂ ਐਸ ਏ ਦੀ ਸਟਾਫ ਰਾਈਟਰ ਪ੍ਰਾਚੀ ਜੈਤਲੀ ਦਾ ਵੀ ਧੰਨਵਾਦ ਕੀਤਾ। ਜਸਕਰਨ ਸਿੰਘ ਧਾਲੀਵਾਲ ਨੇ ਕਲੱਬ ਦੀ ਪ੍ਰਬੰਧਕੀ ਟੀਮ ਨੂੰ ਵਧੀਆ ਮੇਲੇ ਕਰਵਾਉਣ ਲਈ ਵਧਾਈ ਦਿੱਤੀ।

ਹੈਪੀ ਮੁਲਤਾਨੀ ਨੇ ਕੁਝ ਗੀਤ ਆਪਣੀ ਸੁਰੀਲੀ ਆਵਾਜ਼ 'ਚ ਪੇਸ਼ ਕਰ ਕੇ ਖੂਬ ਰੰਗ ਬੰਨਿਆ। ਡੀ.ਜੇ. ਰਛਪਾਲ ਸਿੰਘ ਨੇ ਬੀਟ ਵਾਲੇ ਗੀਤ ਲਾ ਕੇ ਮਹਿਮਾਨਾਂ ਦੀਆਂ ਅੱਡੀਆਂ ਖਿਰਕਣ ਲਾ ਦਿੱਤੀਆਂ।

# ਚੋਣ ਕਮਿਸ਼ਨ ਲਈ ਪੰਜਾਬ ਵਿਧਾਨ ਸਭਾ ਚੋਣਾਂ ਵੱਡੀ ਵੰਗਾਰ

**ਨਵੀਂ ਦਿੱਲੀ:** ਭਾਰਤੀ ਚੋਣ ਕਮਿਸ਼ਨ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਆਪਣੇ ਲਈ ਵੱਡੀ ਚੁਣੌਤੀ ਮੰਨ ਰਿਹਾ ਹੈ। ਦੇਸ਼ ਦੇ ਮੁੱਖ ਚੋਣ ਕਮਿਸ਼ਨਰ ਡਾ. ਨਜ਼ੀਮ ਜ਼ੈਦੀ ਦਾ ਕਹਿਣਾ ਹੈ ਕਿ ਪੰਜਾਬ ਦੀ ਪਾਕਿਸਤਾਨ ਨਾਲ ਲੱਗਦੀ ਲੰਬੀ ਸਰਹੱਦ ਸੂਬੇ ਵਿਚ ਅਤਿਵਾਦੀ ਕਾਰਵਾਈਆਂ ਅਤੇ ਫਿਰਕੂ ਤੇ ਸਮਾਜਿਕ ਤਣਾਅ ਦਾ ਇਤਿਹਾਸ, ਚੋਣਾਂ ਵਿਚ ਪੈਸੇ ਤੇ ਨਸ਼ਿਆਂ ਦੀ ਦੁਰਵਰਤੋਂ ਅਤੇ ਗੈਂਗਸਟਰਾਂ ਤੇ ਗਰਮਦਲੀਆਂ ਦੀਆਂ ਸਰਗਰਮੀਆਂ ਸਬੰਧੀ ਤਾਜ਼ਾ ਰਿਪੋਰਟਾਂ ਕਾਰਨ ਕਮਿਸ਼ਨ ਵੱਲੋਂ ਇਨ੍ਹਾਂ ਚੋਣਾਂ ਨੂੰ ਅਤਿ ਗੰਭੀਰਤਾ ਨਾਲ ਲੈਂਦਿਆਂ ਵਿਆਪਕ ਪੱਧਰ 'ਤੇ ਵਿਊਂਤਬੰਦੀ ਅਤੇ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 2012 ਦੀਆਂ ਵਿਧਾਨ ਸਭਾ ਤੇ 2014 ਦੀਆਂ ਸੰਸਦੀ ਚੋਣਾਂ ਦੇ ਤਜਰਬਿਆਂ ਅਤੇ ਸਬਕਾਂ ਤੋਂ ਅਸੀਂ ਕਾਫੀ ਕੁਝ ਸਿੱਖਿਆ ਹੈ।

ਸੂਬੇ ਵਿਚਲੇ ਕੋਈ 20,000 ਇਸ਼ਤਿਹਾਰੀ ਮੁਜਰਮਾਂ ਦੀ ਧਰ ਪਕੜ ਤੇ ਨਿਰਪੱਖ ਤੇ ਸ਼ਾਂਤੀਪੂਰਨ ਚੋਣਾਂ ਲਈ ਅਫਸਰਸ਼ਾਹੀ ਵਿਚਲੇ ਸੰਤੁਲਨ ਦੀਆਂ ਸ਼ਿਕਾਇਤਾਂ ਨੂੰ ਠੀਕ ਕਰਨ ਅਤੇ ਪੇਡ ਨਿਊਜ਼ ਦੀਆਂ ਸ਼ਿਕਾਇਤਾਂ ਨਾਲ ਨਿਪਟਣ ਲਈ ਇਸ ਵਾਰ ਕਾਫੀ ਅਸਰਦਾਰ ਤੇ ਪੁਖਤਾ ਰਣਨੀਤੀ ਅਪਣਾਈ ਜਾ ਰਹੀ ਹੈ ਅਤੇ ਟੀ.ਵੀ. ਚੈਨਲਾਂ ਦੇ ਮਾਲਕਾਂ ਵੱਲੋਂ ਆਪਣੇ ਉਮੀਦਵਾਰਾਂ ਦੇ ਹੱਕ ਵਿਚ ਕੀਤੇ ਜਾਣ ਵਾਲੇ ਪ੍ਰਚਾਰ ਨੂੰ ਉਕਤ ਉਮੀਦਵਾਰਾਂ ਦੇ ਖਰਚਿਆਂ ਵਿਚ ਜੋੜਨ ਦਾ ਵੀ ਫੈਸਲਾ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਪੰਜਾਬ ਦੀਆਂ ਚੋਣਾਂ ਲਈ ਮਗਰਲੇ ਸਮੇਂ ਤੋਂ ਵੱਖ-ਵੱਖ ਪਹਿਲੂਆਂ ਦੀ ਕਾਫੀ ਬਰੀਕੀ ਨਾਲ ਛਾਣਬੀਣ ਕੀਤੀ ਜਾ ਰਹੀ ਹੈ। ਕਮਿਸ਼ਨ ਦੀ ਟੀਮ ਨਾਲ ਉਹ ਕੁਝ ਸਮਾਂ ਪਹਿਲਾਂ ਪੰਜਾਬ ਦੇ ਦੌਰੇ ਉਤੇ ਗਏ ਸਨ ਅਤੇ ਹੁਣ ਕਮਿਸ਼ਨ ਦੇ ਡਿਪਟੀ ਚੋਣ ਕਮਿਸ਼ਨਰ ਰਾਜ ਦਾ ਦੌਰਾ ਕਰ ਕੇ ਵਾਪਸ ਪਰਤੇ ਹਨ। ਰਾਜ ਦੀ ਪਾਕਿਸਤਾਨ ਨਾਲ ਲੱਗਦੀ ਸਰਹੱਦ ਪੰਜਾਬ ਦੀ ਅੰਦਰੂਨੀ ਸੁਰੱਖਿਆ ਦੀ ਦਸ਼ਾ ਤੇ ਰਾਜ ਵਿਚ ਅਤਿਵਾਦੀ ਕਾਰਵਾਈਆਂ, ਫਿਰਕੂ ਤੇ ਸਮਾਜਿਕ ਤਣਾਅ ਦਾ ਇਤਿਹਾਸ ਮਗਰਲੀਆਂ ਚੋਣਾਂ ਦੌਰਾਨ ਪੈਸੇ/ਨਸ਼ਿਆਂ ਦੀ ਦੁਰਵਰਤੋਂ ਅਤੇ ਹੁਣ ਗਰਮ ਖਿਆਲੀਆਂ ਦੀਆਂ ਸਰਗਰਮੀਆਂ, ਸਰਹੱਦ ਪਾਰ ਦੇ ਸੰਗਠਨਾਂ ਦੇ ਦਖਲ ਤੇ ਰਾਜ 'ਚ ਗੈਂਗਸਟਰਾਂ ਦੀਆਂ ਸਰਗਰਮੀਆਂ ਨੇ ਇਨ੍ਹਾਂ ਚੋਣਾਂ ਨੂੰ ਕਮਿਸ਼ਨ ਲਈ ਵੱਡੀ ਚੁਣੌਤੀ ਬਣਾ ਦਿੱਤਾ ਹੈ। ਪੈਸਾ, ਸ਼ਰਾਬ ਅਤੇ ਨਸ਼ਿਆਂ ਦੀ ਵਰਤੋਂ ਨੂੰ ਰੋਕਣ ਲਈ ਕਮਿਸ਼ਨ ਕੋਲ ਕੀ ਨਵੀਂ ਰਣਨੀਤੀ ਹੈ?

## ਆਤਮ ਵਿਸ਼ਵਾਸ ਵਧਾਉਣ ਲਈ ਨਵੀਂ ਤਕਨੀਕ ਵਿਕਸਿਤ

**ਟੋਕੀਓ:** ਜਪਾਨੀ ਵਿਗਿਆਨੀਆਂ ਨੇ ਇਕ ਅਜਿਹੀ ਨਵੀਂ ਤਕਨੀਕ ਵਿਕਸਤ ਕਰਨ ਦਾ ਦਾਅਵਾ ਕੀਤਾ ਹੈ ਜੋ ਲੋਕਾਂ ਦੇ ਦਿਮਾਗ ਵਿਚ ਚੱਲ ਰਹੀ ਸਰਗਰਮੀ ਵਿਚ ਜੋੜ ਤੋੜ ਕਰ ਕੇ ਉਨ੍ਹਾਂ ਦੇ ਆਤਮ ਵਿਸ਼ਵਾਸ ਨੂੰ ਵਧਾਉਣ ਵਿੱਚ ਸਹਾਈ ਹੋ ਸਕਦੀ ਹੈ। ਇਸ ਤਕਨੀਕ ਨਾਲ ਪੋਸਟ ਟਰੌਮੈਟਿਕ ਸਟਰੈੱਸ ਡਿਸਆਰਡਰ ਤੇ ਫੋਬੀਆ (ਕਿਸੇ ਖਾਸ ਚੀਜ਼ ਦਾ ਡਰ) ਪੀੜਤ ਮਰੀਜ਼ਾਂ ਦੇ ਇਲਾਜ ਲਈ ਨਵਾਂ ਰਾਹ ਖੁੱਲ੍ਹੇਗਾ। 'ਡੀਕੋਡਿਡ ਨਿਊਰੋਫੀਡਬੈਕ' ਨਾਂ ਦੀ ਇਹ ਨਵੀਂ ਤਕਨੀਕ ਦਿਮਾਗ ਦੀ ਉਸ ਸਰਗਰਮੀ ਦੀ ਪਛਾਣ ਕਰਦੀ ਹੈ, ਜੋ ਕਿ ਵਿਸ਼ਵਾਸ ਤੇ ਆਸਥਾ ਨਾਲ ਜੁੜੀ ਹੋਈ ਹੈ ਤੇ ਅੱਗੋਂ ਇਸ ਨੂੰ ਵਿਸਥਾਰ ਦਿੰਦਿਆਂ ਵੱਧ ਭਰੋਸੇ ਵਾਲੀ ਅਵਸਥਾ ਵਿਚ ਲੈ ਜਾਂਦੀ ਹੈ।


Syan Video Production, Inc.

ਵਿਆਹ-ਸ਼ਾਦੀ ਹੋਵੇ, ਖੁਸ਼ੀ ਦਾ ਕੋਈ ਵੀ ਮੌਕਾ ਜਾਂ ਫਿਰ ਯਾਦਗਾਰੀ ਪਲ-ਆਪਣੀਆਂ ਯਾਦਾਂ ਨੂੰ ਬਿਹਤਰੀਨ ਤਰੀਕੇ ਨਾਲ ਸਾਂਭਣ ਲਈ ਸੇਵਾ ਦਾ ਮੌਕਾ ਦਿਓ

ਮਿਸ਼ੀਗਨ, ਇੰਡੀਆਨਾ, ਇਲੀਨਾਏ, ਓਹਾਇਓ, ਆਇਓਆ

*Professional HD Video & Digital Photo Production*

Multiple Camera shooting/Digital Still Photography
(with flush mount album)
Live Video Display With Large Screens
DJ Service with Laser Lights


ਰਾਜਿੰਦਰ ਸਿੰਘ

Call Toll Free:
1-800-RAJ-SYAN
*(with 17 years Experienced)*
Call:734-261-0936
734-890-1767
e-mail: raj@syanvideo.com
visit at: www.syanvideo.com



ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

Trucking Companies-Improve Your Cash Flow

*Low Rates *One-Time Discounts *No Minimums

Call Paul at 1-800-705-3863
www.Transportationfunding.com
Transportation Funding Group, Inc.
Minneapolis , MN 55426